# ਪੰਜਾਬ ਰਾਜ ਬੀਜ ਨਿਗਮ ਲਿਮਟਿਡ

ਖੇਤੀ ਭਵਨ, ਚੌਥੀ ਮੰਜਿਲ, ਫੇਸ-6, ਐੱਸ.ਏ.ਐੱਸ. ਨਗਰ, ਮੋਹਾਲੀ।

*(ਪੰਜਾਬ ਸਰਕਾਰ ਦਾ ਅਦਾਰਾ)* *ਈ-ਮੇਲ.*

*Punseed.chd@punjab.gov.in*

---

## ਮਿਰਚਾਂ 'ਤੇ ਟਮਾਟਰ ਦੇ ਹਾਈਬ੍ਰਿਡ ਬੀਜ ਪ੍ਰਾਈਵੇਟ ਬੀਜ ਪ੍ਰੋਡਿਊਸਰ ਜਾਂ ਪ੍ਰੋਗਰੈਸਿਵ ਫਾਰਮਰਾਂ ਰਾਹੀਂ ਬੀਜ ਉਤਪਾਦਨ ਕਰਵਾਉਣ ਸੰਬੰਧੀ

| ਲੜੀ ਨੰ. | ਸਬਜੀ ਦਾ ਨਾਮ | ਕਿਸਮ | ਅੰਦਾਜਨ ਰਕਬਾ |
|---|---|---|---|
| 1 | ਮਿਰਚ | CH-27 | 1 ਏਕੜ |
| 2 | ਮਿਰਚ | CH-52 | 1 ਏਕੜ |
| 3 | ਟਮਾਟਰ | PTH-2 | 1 ਏਕੜ |

ਪ੍ਰੋਡਕਸ਼ਨ ਕਰਵਾਉਣ ਲਈ ਹੇਠ ਲਿਖੀਆਂ ਨਿਯਮਾਂ ਅਤੇ ਸ਼ਰਤਾਂ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ-

1. ਸਾਫ-ਸੁਥਰਾ ਤੇ ਰੋਗ ਅਤੇ ਕੀੜੇ ਰਹਿਤ ਬੀਜ ਹੀ ਪਨਸੀਡ ਦੇ ਪ੍ਰੋਸੈਸਿੰਗ ਪਲਾਂਟ ਲਾਢੋਵਾਲ ਜਿਲ੍ਹਾ- ਲੁਧਿਆਣਾ ਵਿਖੇ ਗਰੋਵਰ ਵੱਲੋਂ ਸਪਲਾਈ ਕੀਤਾ ਜਾਵੇਗਾ।
2. ਬੀਜ ਤਿਆਰ ਹੋਣ ਉਪਰੰਤ ਸਾਫ-ਸਫਾਈ ਕਰਕੇ ਟੇਬਲ ਅਨੁਸਾਰ ਲੋੜੀਂਦਾ ਬੀਜ ਗਰੋਵਰ ਵੱਲੋਂ ਸਮੇਂ ਸਿਰ ਪਨਸੀਡ ਦੇ ਪ੍ਰੋਸੈਸਿੰਗ ਪਲਾਂਟ ਲਾਢੋਵਾਲ ਜਿਲ੍ਹਾ- ਲੁਧਿਆਣਾ ਵਿਖੇ ਸਪਲਾਈ ਕੀਤਾ ਜਾਵੇਗਾ।
3. ਬੀਜ ਉਤਪਾਦਨ ਕਰਨ ਤੇ ਹੋਣ ਵਾਲਾ ਖਰਚਾ (ਜਿਵੇਂ ਬੀਜ, ਪਾਣੀ, ਦਵਾਈਆਂ, ਖਾਦ ਆਦਿ) ਗਰੋਵਰ ਵੱਲੋਂ ਅਦਾ ਕੀਤਾ ਜਾਵੇਗਾ।
4. ਪਨਸੀਡ ਦੇ ਪ੍ਰੋਸੈਸਿੰਗ ਪਲਾਂਟ ਲਾਢੋਵਾਲ ਜਿਲ੍ਹਾ- ਲੁਧਿਆਣਾ ਵਿਖੇ ਬੀਜ ਦੀ ਢੋਆ-ਢੋਆਈ ਦਾ ਖਰਚਾ ਗਰੋਵਰ ਵੱਲੋਂ ਸਹਿਣ ਕੀਤਾ ਜਾਵੇਗਾ।
5. ਗਰੋਵਰ ਵੱਲੋਂ ਓਹੀ ਕਿਸਮ ਦਾ ਬੀਜ ਤਿਆਰ ਕਰਕੇ ਵਾਪਸ ਕੀਤਾ ਜਾਵੇਗਾ ਜੋ ਬੀਜ ਪ੍ਰੋਡਕਸ਼ਨ ਪ੍ਰੋਗਰਾਮ ਲਈ ਲਿਆ ਗਿਆ ਹੈ, ਇਸਤੋਂ ਇਲਾਵਾ ਬੀਜ ਨੂੰ ਸ਼ੁੱਧ ਰੱਖਣਾ ਹੋਵੇਗਾ ਅਤੇ ਬੀਜ ਵਿੱਚ ਕਿਸੇ ਵੀ ਹੋਰ ਦੂਜੀ ਕਿਸਮ ਦਾ ਬੀਜ ਦਾ ਰਲੇਵਾਂ ਨਹੀਂ ਹੋਵੇਗਾ ਇਸਦੀ ਜਿੰਮੇਵਾਰੀ ਗਰੋਵਰ ਦੀ ਨਿੱਜੀ ਹੋਵੇਗੀ।
6. ਤਿਆਰ ਕੀਤੇ ਗਏ ਬੀਜ ਦੀ ਨਮੀਂ ਦੀ ਮਾਤਰਾ ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ ਵੱਲੋਂ ਨਿਰਧਾਰਿਤ ਨਮੀਂ ਦੀ ਮਾਤਰਾ ਅਤੇ ਮਾਪਦੰਡਾਂ ਅਨੁਸਾਰ ਹੋਵੇਗੀ।
7. ਪਨਸੀਡ ਦੁਆਰਾ ਗਰੋਵਰ ਵੱਲੋਂ ਉਤਪਾਦਨ ਕਰਵਾਏ ਗਏ ਬੀਜ ਦੀ ਪੂਰੀ ਮਾਤਰਾ ਪਨਸੀਡ ਨੂੰ ਦਿੱਤੀ ਜਾਵੇਗੀ।
8. ਬੀਜ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਿਕਾਇਤ ਆਉਦੀਂ ਹੈ ਤਾਂ ਇਹ ਗਰੋਵਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

9. ਗਰੋਵਰ ਵੱਲੋਂ ਅਧਾਰ ਕਾਰਡ ਦੀ ਸਵੈ-ਤਸਦੀਕਸ਼ੁਦਾ ਕਾਪੀ ਬਿਨੈ-ਪੱਤਰ ਨਾਲ ਨੱਥੀ ਕੀਤੀ ਜਾਵੇਗੀ।
10. ਬੀਜ ਉਤਪਾਦਨ ਲਈ ਲੋੜੀਂਦਾ ਬੀਜ ਪਨਸੀਡ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਉਪਲੱਬਧ ਕਰਵਾ ਦਿੱਤਾ ਜਾਵੇਗਾ ਅਤੇ ਇਸ ਬੀਜ ਦੀ ਪੇਮੈਂਟ ਬਿੱਲ ਅਨੁਸਾਰ ਗਰੋਵਰ ਵੱਲੋਂ ਅਦਾ ਕਰਨੀ ਹੋਵੇਗੀ।
11. ਗਰੋਵਰ ਵੱਲੋਂ ਉਤਪਨ ਕੀਤਾ ਗਿਆ ਬੀਜ ਪਨਸੀਡ ਦੇ ਪ੍ਰੋਸੈਸਿੰਗ ਪਲਾਂਟ ਲਾਢੋਵਾਲ (ਲੁਧਿਆਣਾ) ਵਿਖੇ ਪਹੁੰਚਾਉਣ ਉਪਰੰਤ ਬੀਜ ਦੀ ਬਣਦੀ ਪੇਮੈਂਟ ਦਾ 80% ਪਨਸੀਡ ਵੱਲੋਂ ਜਾਰੀ ਕਰ ਦਿੱਤਾ ਜਾਵੇਗਾ ਅਤੇ ਬਾਕੀ ਦੀ 20% ਪੇਮੈਂਟ ਨਵੰਬਰ ਮਹੀਨੇ ਦੌਰਾਨ ਕੀਤੀ ਜਾਵੇਗੀ। ਬੀਜ ਦਾ ਸਾਰਾ ਭੁਗਤਾਨ ਗਰੋਵਰ ਦੇ ਖਾਤੇ ਵਿੱਚ ਹੀ ਕੀਤਾ ਜਾਵੇਗਾ।
12. ਇਸ ਕੰਟਰੈਕਟ ਦੇ ਸਬੰਧ ਵਿੱਚ ਕਿਸੇ ਵੀ ਝਗੜੇ ਦੀ ਸੂਰਤ ਵਿੱਚ ਜੋ ਇਸਦੀ ਵਿਆਖਿਆ ਜਾਂ ਇਸ ਦੀਆਂ ਸ਼ਰਤਾਂ ਲਾਗੂ ਕਰਨ ਸਬੰਧੀ ਜਾਂ ਬੀਜ ਲੇਟ ਸਪਲਾਈ ਹੋਣ ਕਾਰਣ ਜਾਂ ਬੀਜ ਦੀ ਸ਼ੁੱਧਤਾ ਸਬੰਧੀ ਜਾਂ ਕਿਸੇ ਹੋਰ ਕਾਰਣ ਕਰਕੇ, ਇਸ ਸਬੰਧ ਵਿੱਚ ਪ੍ਰਬੰਧਕ ਨਿਰਦੇਸ਼ਕ ਪਨਸੀਡ ਜਾਂ ਉਹਨਾਂ ਦਾ ਨੁਮਇੰਦਾ ਸਾਲਸੀ ਹੋਵੇਗਾ। ਜਿਹਨਾਂ ਦਾ ਫੈਸਲਾ ਅੰਤਿਮ ਅਤੇ ਦੋਵਾਂ ਧਿਰਾਂ ਤੇ ਲਾਗੂ ਹੋਵੇਗਾ। ਅਜਿਹੀ ਸੂਰਤ ਵਿੱਚ ਆਰਬਿਟਰੇਸ਼ਨ ਮੋਹਾਲੀ ਕੋਰਟ ਦੇ ਅਧੀਨ ਹੀ ਕੀਤੀ ਜਾਵੇਗੀ।
13. ਗਰੋਵਰ ਵੱਲੋਂ ਨਿਯਮ ਅਤੇ ਸ਼ਰਤਾਂ ਨੂੰ ਵੀ ਤਸਦੀਕ ਕਰਕੇ ਬਿਨੈ-ਪੱਤਰ ਦਾ ਨਾਲ ਨੱਥੀ ਕੀਤਾ ਜਾਵੇਗਾ।
14. ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸ਼੍ਰੀ ਬਲਦੀਪ ਸਿੰਘ, ਖੇਤਰੀ ਪ੍ਰੰਬਧਕ, (ਮੋਬਾਇਲ ਨੰ. 98787-82814) ਜਾਂ ਸ਼੍ਰੀ ਬਲਵਿੰਦਰ ਸਿੰਘ, ਬੀਜ ਉਤਪਾਦਨ ਅਫਸਰ, (ਮੋਬਾਇਲ ਨੰ. 99881-49955) ਨਾਲ ਸਪੰਰਕ ਕੀਤਾ ਜਾਵੇ ।
15. ਕੁਟੇਸ਼ਨਾਂ ਹੇਠ ਲਿਖੇ ਪਤੇ ਤੇ ਰਜਿਸਟਰਡ ਡਾਕ ਰਾਹੀਂ ਜਾਂ ਦਸਤੀ ਤੌਰ ਤੇ ਸੀਲ ਬੰਦ ਲਿਫਾਫੇ ਵਿੱਚ ਭੇਜੀਆਂ ਜਾਣ।

ਮੈਨੇਜਿੰਗ ਡਾਇਰੈਕਟਰ,
ਪੰਜਾਬ ਰਾਜ ਬੀਜ ਨਿਗਮ ਲਿਮਟਿਡ,
ਖੇਤੀ ਭਵਨ, ਨੇੜੇ ਦਾਰ ਸਟੂਡਿਓ, ਚੋਥੀ ਮੰਜਿਲ, ਕਮਰਾ ਨੰ. 405,
ਜਿਲ੍ਹਾ- ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)
ਪਿੰਨ ਕੋਡ - 160055

**ਨੋਟ-** ਕੁਟੇਸ਼ਨਾਂ ਪ੍ਰਾਪਤ ਕਰਨ ਦੀ ਆਖਰੀ ਮਿਤੀ. 21-11-2024 ਸ਼ਾਮ 05.00 ਵਜੇ ਤੱਕ ਹੈ।

ਸੇਵਾ ਵਿਖੇ,

ਮੈਨੇਜਿੰਗ ਡਾਇਰੈਕਟਰ ਜੀ,

ਪੰਜਾਬ ਰਾਜ ਬੀਜ ਨਿਗਮ ਲਿਮਿਟਡ,

ਖੇਤੀ ਭਵਨ, ਚੋਥੀ ਮੰਜਿਲ, ਫੇਜ਼-6, ਨੇੜੇ ਦਾਰਾ ਸਟੂਡਿਓ,

ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)

ਪਿੰਨ ਕੋਡ- 160055

**ਵਿਸ਼ਾ- ਹਾਈਬ੍ਰਿਡ ਮਿਰਚਾਂ ਅਤੇ ਟਮਾਂਟਰਾਂ ਦਾ ਬੀਜ ਉਤਪਾਦਨ ਪ੍ਰੋਗਰੈਸਿੰਵ ਫਾਰਮਰ ਜਾਂ ਪ੍ਰਾਈਵੇਟ ਬੀਜ ਉਤਪਾਦਕ ਰਾਹੀਂ ਉਤਪਾਦਨ ਕਰਵਾਉਣ ਲਈ ਬਿਨੈ- ਪੱਤਰ।**

ਸ੍ਰੀ ਮਾਨ ਜੀ,

| ਲੜੀ ਨੰ. | ਸਬਜੀ ਦਾ ਨਾਮ | ਕਿਸਮ | ਅੰਦਾਜਨ ਰਕਬਾ | ਆਫਰ ਰੇਟ |
|---|---|---|---|---|
| 1 | ਮਿਰਚ | CH-27 | 1 ਏਕੜ | |
| 2 | ਮਿਰਚ | CH-52 | 1 ਏਕੜ | |
| 3 | ਟਮਾਟਰ | PTH-2 | 1 ਏਕੜ | |

ਪਨਸੀਡ ਲਈ ਹਾਈਬ੍ਰਿਡ ਬੀਜ ਉਤਪੰਨ ਕਰਨ ਲਈ ਮੇਰੇ ਵੱਲੋਂ ਆਫਰ ਕੀਤੇ ਗਏ ਰੇਟ ਉਪਰੋਕਤ ਟੇਬਲ ਵਿੱਚ ਦਰਸਾਏ ਅਨੁਸਾਰ ਹਨ ਜੀ। ਇਹ ਬੀਜ ਪੈਦਾ ਕਰਨ ਲਈ ਆਪ ਵੱਲੋਂ ਨਿਰਧਾਰਿਤ ਕੀਤੇ ਨਿਯਮ ਅਤੇ ਸ਼ਰਤਾਂ ਮੈਨੂੰ ਮੰਨਜ਼ੂਰ ਹਨ ਜੀ।

ਨਾਮ - .............................................................,

ਪਤਾ...............................................................

.....................................................................

....................................................................

ਮੋਬਾਇਲ ਨੰ. ....................................................

ਈ-ਮੇਲ ਆਈ ਡੀ-.............................................